ਗੁਰੂ ਨਾਨਕ –ਸਬਦ ੧੬
ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥
ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੫੩

ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥
ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥
ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥
ਹਰਿ ਜੀਉ ਇਉ ਪਿਰੁ ਰਾਵੈ ਨਾਰਿ ॥
ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ ॥੧॥ ਰਹਾਉ ॥
ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥
ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥
ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ ॥੨॥
ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ ॥
ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥
ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ ॥੩॥
ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥
ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ ॥
ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ॥੪॥
ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥
ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥
ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥
ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ ॥
ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥
ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥੬॥
ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥

ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥
ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥੭॥
ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥
ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥
ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥੮॥੨॥

ਸਾਰ: ਸਰਵਵਿਆਪੀ ਸਤਾ ਨਾਰੀ ਅਤੇ ਪੁਰਸ਼ ਊਰਜਾਵਾਂ, ਉਹ ਜ਼ਰੂਰੀ ਸ਼ਕਤੀਆਂ ਜੋ ਸ੍ਰਿਸ਼ਟੀ ਨੂੰ ਚਲਾਉਂਦੀਆਂ ਹਨ ਦੋਵਾਂ ਨੂੰ ਇੱਕਜੁੱਟ ਕਰਦੀ ਹੈ। ਇਕੱਠੀਆਂ ਹੋ, ਉਹ ਹੋਂਦ ਦਾ ਸੁਰਤਾਲ ਸਿਰਜਦੀਆਂ ਹਨ, ਅਤੇ ਇਕ ਦੂਸਰੇ ਨੂੰ ਸੰਤੁਲਿਤ ਕਰਦੀਆਂ ਹਨ। ਦੋਵਾਂ ਗੁਣਾਂ ਦਾ ਜਾਗਰਣ ਦਵੈਤ ਭੰਗ ਕਰਦਾ ਹੈ ਜਿਸ ਨਾਲ ਸਦਭਾਵਨਾ ਵਧਦੀ ਹੈ। ਲਿੰਗ ਪੱਖਪਾਤ ਤੋਂ ਪਾਰ, ਇਹ ਸੰਤੁਲਨ ਸਾਡੇ ਅਸਲ ਤੱਤ ਨੂੰ ਦਰਸਾਉਂਦਾ ਹੈ, ਸ਼ਕਤੀ ਨੂੰ ਸੇਵਾ ਵਿਚ, ਬੁੱਧੀ ਨੂੰ ਬਿਬੇਕ ਵਿਚ ਅਤੇ ਪਿਆਰ ਨੂੰ ਕਰਮਾਂ ਵਿਚ ਰੁਪਾਂਤ੍ਰਿਤ ਕਰਦਾ ਹੈ। ਦੋਵਾਂ ਊਰਜਾਵਾਂ ਨੂੰ ਕਲਾਵੇ ਵਿਚ ਲੈ ਅਸੀਂ ਬ੍ਰਹਿਮੰਡੀ ਰਚਨਾ ਨੂੰ ਮੂਰਤੀਮਾਨ ਕਰਦੇ ਹਾਂ, ਜਿੱਥੇ ਸੂਰਜ ਅਤੇ ਚੰਦਰਮਾ ਇਕ ਥਾਂ ਵਿਦਮਾਨ ਹਨ। ਸੱਚੀ ਜਾਗਰੂਕਤਾ ਇਕ ਜਾਂ ਦੂਜੇ ਦੀ ਚੋਣ ਰਾਹੀਂ ਨਹੀਂ, ਸਗੋਂ ਦੋਵਾਂ ਨੂੰ ਇਕ ਸੰਤੁਲਿਤ ਅਤੇ ਅਰਥਪੂਰਨ ਜੀਵਨ ਵੱਲ ਸੇਧਿਤ ਕਰਨ ਨਾਲ ਆਉਂਦੀ ਹੈ।

ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥
ਹਰ ਕੋਈ ਆਪਣੇ ਆਪ ਨੂੰ ਸਮਰਪਿਤ ਜੀਵਨ ਸਾਥੀ ਸਮਝਦਾ ਹੈ, ਅਤੇ ਬਹੁਤ ਸਾਰੇ ਆਪਣੇ ਆਪ ਨੂੰ ਵਿਸਤ੍ਰਿਤ ਢੰਗ ਨਾਲ ਸਜਾਉਂਦੇ ਹਨ। ਇਹ ਵਿਚਾਰ ਗਲਤ ਧਾਰਨਾ ਦਾ ਪ੍ਰਤੀਨਿਧ ਹੈ ਕਿ ਬਾਹਰੀ ਪ੍ਰਦਰਸ਼ਨ ਅਤੇ ਰਸਮਾਂ ਸੱਚਾ ਸੰਬੰਧ ਸਿਰਜਨ ਲਈ ਕਾਫ਼ੀ ਹਨ।

ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥
ਉਹ ਖਾਸ ਲੋਕਾਂ ਵਿਚ ਗਿਣੇ ਜਾਣ ਦੀ ਚਾਹ ਰੱਖਦੇ ਹਨ, ਫਿਰ ਵੀ ਉਨ੍ਹਾਂ ਦੇ ਲਾਲ ਕੱਪੜੇ ਭ੍ਰਿਸ਼ਟਾਚਾਰ ਨਾਲ ਰੰਗੇ ਹੋਏ ਹਨ। ਜੋ ਇਸ ਤੱਥ ਦਾ ਪ੍ਰਤੀਕ ਹੈ ਕਿ ਸ਼ਰਧਾ ਦੇ ਬਾਹਰੀ ਚਿੰਨ੍ਹ ਅੰਦਰੂਨੀ ਮੈਲ ਨੂੰ ਸਾਫ਼ ਨਹੀਂ ਕਰਦੇ।

ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥

ਪਖੰਡ ਪਿਆਰ ਨੂੰ ਪਾਲ ਨਹੀਂ ਸਕਦਾ; ਝੂਠੇ ਪ੍ਰਦਰਸ਼ਨ ਸ਼ਰਮਨਾਕ ਹਨ, ਇਹ ਇਸ ਤੱਥ ਦਾ ਖੁਲਾਸਾ ਕਰਦਾ ਹੈ ਕਿ ਸੱਚੇ ਅੰਦਰੂਨੀ ਕਰਮਾਂ ਤੋਂ ਬਿਨਾਂ ਸ਼ਰਧਾਲੂ ਹੋਣ ਦਾ ਦਿਖਾਵਾ ਕਰਨ ਨਾਲ ਅੰਤ ਵਿਚ ਭਰੋਸੇ ਅਤੇ ਸਤਿਕਾਰ ਦਾ ਨੁਕਸਾਨ ਹੁੰਦਾ ਹੈ। (੧)

ਹਰਿ ਜੀਉ ਇਉ ਪਿਰੁ ਰਾਵੈ ਨਾਰਿ ॥

ਸਰਵ ਵਿਆਪਕ ਸ਼ਕਤੀ ਸਾਰਿਆਂ ਦੇ ਅੰਦਰ ਵੱਸਦੀ ਹੈ; ਇਸ ਅਹਿਸਾਸ ਨਾਲ, ਇਹ ਪਿਆਰੇ ਨੂੰ ਆਪਣੇ ਸਾਥੀ ਨਾਲ ਮਿਲਾਉਣ ਲਈ ਸਹਾਇਕ ਹੁੰਦੀ ਹੈ। ਇਹ ਇਸ ਤੱਥ ਨੂੰ ਦਰਸਾਉਂਦਾ ਹੈ ਕਿ ਅਸੀਂ ਜਿਸ ਦੀ ਭਾਲ ਕਰ ਰਹੇ ਹਾਂ ਉਹ ਸਾਰਿਆਂ ਦੇ ਅੰਦਰ ਵਿਦਮਾਨ ਹੈ ਅਤੇ ਸਾਰਿਆਂ ਨੇ ਇਸ ਸਤਿ ਦੇ ਤੱਤਸਾਰ ਨਾਲ ਇਕਜੁਟ ਹੋਣਾ ਹੈ।

ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ ॥੧॥ ਰਹਾਉ ॥

ਜੇਕਰ ਇਹ ਵਿਚਾਰ ਤੁਹਾਡੇ ਅੰਦਰ ਗੂੰਜਦਾ ਹੈ, ਤਾਂ ਤੁਸੀਂ ਸੱਚਮੁੱਚ ਇਕ ਭਾਗਾਂਵਾਲੇ ਸਾਥੀ ਹੋ, ਜੋ ਆਤਮ ਪੜਚੋਲ ਨੂੰ ਕਲਾਵੇ ਵਿਚ ਲੈਂਦਾ ਹੋ, ਜੋ ਕਿਸੇ ਦੇ ਵਿਗਾਸ ਲਈ ਸ਼ਕਤੀ ਦਾ ਸਰੋਤ ਹੈ। (੧)(ਠਹਿਰਾਉ)

ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥

ਬਿਬੇਕ ਦੇ ਸ਼ਬਦਾਂ ਨਾਲ ਸਜਿਆ ਹੋਇਆ, ਸਰੀਰ ਅਤੇ ਮਨ ਇਕਸੁਰ ਹੋ, ਪਿਆਰੇ ਦੇ ਹੋਰ ਨੇੜੇ ਆਉਂਦੇ ਹਨ। ਇਹ ਵਿਚਾਰ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਕਿਵੇਂ ਜਾਗਰੂਕਤਾ ਸਾਡੇ ਸੱਚੇ ਆਪੇ, ਵਿਸ਼ਵਵਿਆਪੀ ਅਤੇ ਸਰਵ ਵਿਆਪਕ ਊਰਜਾ ਨਾਲ ਸੁਮੇਲ ਕਰਨ ਲਈ ਸਹਾਇਕ ਹੁੰਦੀ ਹੈ।

ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥

ਹੱਥ ਜੋੜ ਕੇ, ਸੱਚ ਦੀ ਭਾਲ ਦੀ ਤਾਂਘ ਵਿਚ ਖੜ੍ਹੇ ਹੋ ਕੇ, ਕੋਈ ਪ੍ਰਾਰਥਨਾ ਕਰਦਾ ਹੈ, ਜੋ ਜੀਵਨ ਦੇ ਉਦੇਸ਼ ਦੀ ਪ੍ਰਾਪਤੀ ਵਿਚ ਇਕ ਸਾਧਕ ਦੀ ਨਿਮਰਤਾ ਅਤੇ ਇਮਾਨਦਾਰੀ ਨੂੰ ਦਰਸਾਉਂਦਾ ਹੈ।

ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ ॥੨॥

ਪ੍ਰੀਤਮ ਦੇ ਪਿਆਰ ਵਿਚ ਭਿੱਜੇ ਕੇ, ਕੁਝ ਇਸ ਸੱਚਾਈ ਦੇ ਡਰ ਵਿਚ ਰਹਿੰਦੇ ਹਨ; ਪਰ ਸ਼ਰਧਾ ਵਿਚ ਸਮਾਉਣ ਨਾਲ ਕੋਈ ਅਨੰਦ ਅਤੇ ਵਿਕਾਸ ਵਿਚ ਖਿੜ ਜਾਂਦਾ ਹੈ, ਇਹ ਦਰਸਾਉਂਦਾ ਹੈ ਕਿ ਸ਼ੰਕਾ ਵਿਕਾਸ ਦੀ ਯੋਗਤਾ ਵਿਚ ਰੁਕਾਵਟ ਪਾ ਸਕਦਾ ਹੈ। (੨)

ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ ॥

ਉਹਨਾਂ ਨੂੰ ਪ੍ਰੀਤਮ ਦੇ ਭਗਤ ਵਜੋਂ ਜਾਣਿਆ ਜਾ ਸਕਦਾ ਹੈ ਜੋ ਚਿੰਤਨ ਨੂੰ ਸ਼ਰਧਾ ਦੇ ਰੂਪ ਵਜੋਂ ਸਵੀਕਾਰ ਕਰਦੇ ਹਨ।

ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥

ਸੱਚੀ ਪ੍ਰੀਤ ਕਦੇ ਨਹੀਂ ਟੁੱਟਦੀ, ਕਿਉਂਕਿ ਇਹ ਪ੍ਰਮਾਣਿਕਤਾ ਰਾਹੀਂ ਸਦੀਵੀ ਚੇਤਨਾ ਨਾਲ ਜੁੜੀ ਹੁੰਦੀ ਹੈ।

ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ ॥੩॥

ਬਿਬੇਕਮਈ ਸ਼ਬਦਾਂ ਵਿਚ ਡੁੱਬ ਕੇ, ਮਨ ਅਨੁਭਵ ਲਈ ਖੁੱਲ੍ਹਦਾ ਹੈ; ਇਸ ਜਾਗ੍ਰਿਤੀ ਲਈ, ਕੋਈ ਆਪਣੇ ਆਪ ਨੂੰ ਹਮੇਸ਼ਾ ਲਈ ਸ਼ੁਕਰਾਨੇ ਵਿਚ ਸਮਰਪਿਤ ਕਰ ਦਿੰਦਾ ਹੈ। (੩)

ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥

ਜਿਹੜੇ ਲੋਕ ਸਦਗੁਣਾਂ ਨੂੰ ਅਪਣਾਉਂਦੇ ਹਨ, ਉਹ ਬਦਕਿਸਮਤ ਨਹੀਂ ਹੋ ਸਕਦੇ; ਜੇਕਰ ਉਹ ਉਸ ਗੂੜ੍ਹ ਬਿਬੇਕ ਵਿਚ ਲੀਨ ਹੋ ਜਾਂਦੇ ਹਨ ਜੋ ਉਨ੍ਹਾਂ ਨੂੰ ਹਨੇਰੇ ਤੋਂ ਰੌਸ਼ਨੀ ਵੱਲ ਲੈ ਜਾਂਦਾ ਹੈ।

ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ ॥

ਪਿਆਰਾ ਖੁਸ਼ਨੁਮਾ, ਸਦ ਬਹਾਰ ਅਤੇ ਸਦੀਵੀ ਹੈ, ਜੋ ਨਾ ਕਦੇ ਫਿੱਕਾ ਪੈਂਦਾ ਹੈ ਅਤੇ ਨਾ ਹੀ ਵਿਛੜਦਾ ਹੈ; ਇਹ ਪ੍ਰੀਤਮ ਸਦ ਹਾਜ਼ਰ ਚੇਤਨਾ ਦੇ ਅੰਦਰ ਵਸਦੀ ਸਦੀਵੀ ਜਾਗਰੂਕਤਾ ਨੂੰ ਦਰਸਾਉਂਦਾ ਹੈ, ਜੋ ਸਾਡੀ ਨਿਰੰਤਰ ਸਾਥੀ ਹੈ।

ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ॥੪॥

ਜਦੋਂ ਕੋਈ ਸੱਚਮੁੱਚ ਕੁਦਰਤ ਦੀ ਇੱਛਾ ਨਾਲ ਇਕਸੁਰ ਹੁੰਦਾ ਹੈ ਤਾਂ ਉਹ ਭਾਗਾਂਵਾਲਾ ਬਣਿਆ ਰਹਿੰਦਾ ਹੈ। (੪)

ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥

ਜਦੋਂ ਕੋਈ ਆਪਣੇ ਆਪ ਨੂੰ ਸੱਚ ਦੀਆਂ  ਮੀਡੀਆਂ ਨਾਲ ਸਜਾਉਂਦਾ ਹੈ, ਜੋ ਗੁਣਾਂ ਨਾਲ ਸਜੀਆਂ ਹੋਣ ਅਤੇ ਪਿਆਰ ਦਾ ਪਹਿਰਾਵਾ ਪਹਿਨਦਾ ਹੈ, ਤਦੋਂ ਇਹ ਦ੍ਰਿਸ਼ ਦਰਸਾਉਂਦਾ ਹੈ ਕਿ ਜਦੋਂ ਇਮਾਨਦਾਰੀ ਨੂੰ ਗੁਣਾਂ ਅਤੇ ਪਿਆਰ ਨਾਲ ਗੁੰਦਿਆ ਜਾਂਦਾ ਹੈ ਤਾਂ ਇਹ ਜੀਵਨ ਨੂੰ ਸੱਚਮੁੱਚ ਆਕਰਸ਼ਕ ਬਣਾਉਂਦੀ ਹੈ।

ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥

ਜਦੋਂ ਚੰਦਨ ਵਰਗੇ ਗੁਣ ਅੰਤਹਕਰਣ ਵਿਚ ਵੱਸਦੇ ਹਨ, ਤਾਂ ਇਹ ਦਸਮ ਦੁਆਰ ਦੀ ਪੱਧਤੀ ਤੱਕ ਪਹੁੰਚ ਜਾਂਦਾ ਹੈ। ਭਾਵ, ਜਿਵੇਂ ਚੰਦਨ ਸ਼ਾਂਤੀ ਦਾ ਅਨੁਭਵ ਕਰਵਾਉਂਦਾ ਹੈ ਇਕ ਨਿਰਮਲ ਅੰਤਹਕਰਣ ਪਵਿਤੱਰਤਾ ਦੇ ਖੰਡ ਦੀ ਸਿਰਜਨਾ ਕਰਦਾ ਹੈ।

ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥

ਸੂਝਮਈ ਸ਼ਬਦ ਦੀਵੇ ਵਾਂਗ ਹੁੰਦੇ ਹਨ ਜੋ ਪ੍ਰਕਾਸ਼ ਦਿੰਦੇ ਹਨ, ਅਤੇ ਸਰਵ ਵਿਆਪਕ ਜਾਗਰੂਕਤਾ ਬਾਰੇ ਚਿੰਤਨ ਅੰਤਹਕਰਣ ਨੂੰ ਜਗਾਉਂਦਾ ਹੈ, ਜਿਵੇਂ ਕੋਈ ਹਾਰ ਸ਼ਿੰਗਾਰ ਨਾਲ ਸਰੀਰ ਨੂੰ ਸ਼ਿੰਗਾਰਦਾ ਹੈ। (੫)

ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ ॥

ਸਾਰੀ ਸ੍ਰਿਸ਼ਟੀ ਦੇ ਅੰਦਰ ਹਾਜ਼ਰ ਨਾਰੀ ਊਰਜਾ ਸ਼ਾਂਤੀ ਨੂੰ ਦਰਸਾਉਂਦੀ ਹੈ; ਇਹ ਗੁਣ ਸੇਧਰੂਪੀ ਰਤਨ ਬਣ ਜਾਂਦਾ ਹੈ ਜੋ ਦਇਆ ਦੀ ਭਾਵਨਾ ਨਾਲ ਲਬਰੇਜ਼ ਹੁੰਦਾ ਹੈ।

ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥

ਜਦੋਂ ਸਰਵ ਵਿਆਪਕ ਊਰਜਾ ਦੇ ਅਸਲ ਲਈ ਬੇਅੰਤ ਪਿਆਰ ਉਭਰਦਾ ਹੈ ਤਾਂ ਸਨਮਾਨ ਅਤੇ ਜਾਗਰੂਕਤਾ ਅਨੰਦਮਈ ਬਣ ਜਾਂਦੇ ਹਨ।

ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥੬॥

ਪੁਰਸ਼ ਊਰਜਾ ਦੀ ਕੋਮਲਤਾ ਤੋਂ ਬਿਨਾਂ, ਕੋਈ ਵੀ ਸਦੀਵੀ ਸਰਵਵਿਆਪੀ ਸਰੋਤ ਨੂੰ ਨਹੀਂ ਸਮਝ ਸਕਦਾ, ਜੋ ਕਿ ਨਰ ਅਤੇ ਨਾਰੀ ਦੋਵਾਂ ਊਰਜਾਵਾਂ ਦਾ ਸੁਮੇਲ ਹੈ। ਇਹ ਅਨੁਭਵ ਬਿਬੇਕਮਈ ਪਿਆਰ ਰਾਹੀਂ ਹੀ ਜਾਗ੍ਰਿਤ ਹੁੰਦਾ ਹੈ। (੬)

ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥

ਰਾਤ ਦੇ ਹਨੇਰੇ ਵਿਚ, ਨੀਂਦ ਕਲਾਵੇ ਵਿਚ ਲੈ ਲੈਂਦੀ ਹੈ। ਪਿਆਰੇ ਤੋਂ ਬਿਨਾਂ ਰਾਤ ਕਿਵੇਂ ਬੀਤ ਸਕਦੀ ਹੈ? ਇਹ ਵਿਚਾਰ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਧਿਆਨ ਰਹਿਤ ਪਲ ਸਮੇਂ ਦੀ ਵਿਅਰਥਥਾ ਅਤੇ ਖਾਲੀਪਣ ਦਾ ਅਹਿਸਾਸ ਕਰਵਾ ਸਕਦੇ ਹਨ।

ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥

ਹਿਰਦਾ ਪੀੜਾ ਵਿਚ ਹੈ, ਸਰੀਰ ਸੜ ਰਿਹਾ ਹੈ, ਮਨ ਬੇਚੈਨ ਹੈ, ਅਤੇ ਦੌਲਤ ਆਪਣਾ ਅਰਥ ਗੁਆ ਬੈਠਦੀ ਹੈ। ਇਹ ਦਰਸਾਉਂਦਾ ਹੈ ਕਿ ਰੂਹਾਨੀ ਪੂਰਤੀ ਤੋਂ ਬਿਨਾਂ, ਜੀਵਨ ਦੇ ਖਾਲੀਪਣ ਦਾ ਅਹਿਸਾਸ ਹੋ ਸਕਦਾ ਹੈ, ਕਿਉਂਕਿ ਭੌਤਿਕਵਾਦ ਦੀ ਦੋੜ ਅਕਸਰ ਅਸੰਤੁਸ਼ਟੀ ਵੱਲ ਲੈ ਜਾਂਦੀ ਹੈ।

ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥੭॥

ਜਦੋਂ ਲਾੜੀ ਅਤੇ ਲਾੜਾ ਮਿਲਾਪ ਦੀ ਗਲਵਕੜੀ ਨਹੀਂ ਪਾਉਂਦੇ, ਤਾਂ ਉਨ੍ਹਾਂ ਦੀ ਜਵਾਨੀ ਵਿਅਰਥ ਬਰਬਾਦ ਹੋ ਜਾਂਦੀ ਹੈ। ਇਹ ਸੁਝਾਅ ਸਪੱਸ਼ਟ ਕਰਦਾ ਹੈ ਕਿ ਜੋ ਲੋਕ ਆਪਣੀਆਂ ਨਾਰੀ ਅਤੇ ਨਰ ਊਰਜਾਵਾਂ ਦੀ ਕਦਰ ਅਤੇ ਸੁਮੇਲ ਨਹੀਂ ਕਰਦੇ, ਉਹ ਜੀਵਨ ਦੇ ਤੱਤਸਾਰ ਤੋਂ ਖੁੰਝ ਜਾਂਦੇ ਹਨ। (੭)

ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥

ਪਿਆਰਾ ਪਲੰਘ ਤੇ ਨਾਲ ਹਾਜ਼ਰ ਹੈ, ਪਰ ਕੋਲ ਸੁੱਤਾ ਹੋਇਆ ਸਾਥੀ ਉਸਦੀ ਮੌਜੂਦਗੀ ਤੋਂ ਅਣਜਾਣ ਹੁੰਦਾ ਹੈ। ਇਹ ਵਿਪਰੀਤਤਾ ਦਰਸਾਉਂਦੀ ਹੈ ਕਿ ਸਰਵ ਵਿਆਪਕ ਦੀ ਹਾਜ਼ਰਤਾ ਵਿਚ ਵੀ, ਅਗਿਆਨਤਾ ਵਿਚ ਗੁਆਚਿਆ ਹੋਇਆ ਸਾਧਕ ਆਪਣੇ ਸਦੀਵੀ ਸਾਥੀ ਨੂੰ ਨਹੀਂ ਦੇਖ ਸਕਦਾ।

ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥
ਜਦੋਂ ਮੇਰਾ ਪਿਆਰਾ ਜਾਗਦਾ ਹੈ ਤਾਂ ਮੈਂ ਸੁੱਤੀ ਰਹਿੰਦੀ ਹਾਂ; ਮੈਂ ਕਿਸ ਕੋਲੋਂ ਅਗਵਾਈ ਦੀ ਮੰਗ ਕਰਾਂ? ਇਹ ਤੱਥ ਇਸ ਦੀ ਪੁਸ਼ਟੀ ਕਰਦਾ ਹੈ ਕਿ ਸਦ-ਜਾਗਰੂਕ, ਸਰਵ ਵਿਆਪਕ ਸਤਾ ਅੰਦਰ ਵਸਦੀ ਹੈ, ਪਰ ਅਗਿਆਨਤਾ ਵਿਚ ਅੰਤਹਕਰਣ ਇਸ ਦੀ ਤਾਂਘ ਕਰਦਾ ਹੈ।

ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥੮॥੨॥
ਜਦੋਂ ਸੱਚੇ ਬਿਬੇਕ ਨੂੰ ਧਾਰਨ ਕੀਤਾ ਜਾਂਦਾ ਹੈ, ਜੋ ਸਾਨੂੰ ਅਗਿਆਨਤਾ ਤੋਂ ਜਾਗਰੂਕਤਾ ਵੱਲ ਲੈ ਜਾਂਦਾ ਹੈ, ਤਾਂ ਇਹ ਰੂਹਾਨੀ ਪਤਨ ਦਾ ਡਰ ਰੱਖਦਾ ਹੈ। ਨਾਨਕ ਕਹਿੰਦੇ ਹਨ, ਫਿਰ ਪ੍ਰੀਤ ਪਿਆਰਾ ਸਾਥੀ ਬਣ ਜਾਂਦੀ ਹੈ। (੮)(੨)

ਤੱਤ: ਗੁਰੂ ਨਾਨਕ ਸਾਨੂੰ ਯਾਦ ਦਿਵਾਉਂਦੇ ਹਨ ਕਿ ਜਦੋਂ ਚੇਤਨਾ ਅਤੇ ਪਿਆਰ ਦਾ ਅੰਤਰੀਵੀ ਮਿਲਾਪ ਹੁੰਦਾ ਹੈ, ਤਾਂ ਵਿਛੋੜਾ ਖਤਮ ਹੋ ਜਾਂਦਾ ਹੈ, ਅਤੇ ਆਪਾ ਅਤੇ ਇਸ ਦਾ ਸਰੋਤ ਇਕ ਹੋ ਜਾਂਦੇ ਹਨ। ਸਰਵ ਵਿਆਪਕ, ਸਰਬ-ਗਿਆਤਾ ਸਤਾ ਸਾਡੇ ਅੰਦਰ ਵਸਦੀ ਹੈ, ਪਰ ਅਗਿਆਨਤਾ ਕਾਰਣ, ਮਨ ਇਸਨੂੰ ਕਿਧਰੇ ਹੋਰ ਭਾਲਦਾ ਹੈ। ਇਹ ਤਾਂਘ ਸਾਡੇ ਆਪਣੇ ਅੰਤਰੀਵੀ ਪ੍ਰਕਾਸ਼ ਦੀ ਚਮਕ ਨੂੰ ਨਜ਼ਰਅੰਦਾਜ਼ ਕਰਨ ਦੀ ਸਾਡੀ ਪ੍ਰਵਿਰਤੀ ਨੂੰ ਦਰਸਾਉਂਦੀ ਹੈ। ਜਦੋਂ ਹਕੀਕਤ ਜਾਗ੍ਰਿਤ ਹੁੰਦੀ ਹੈ, ਤਾਂ ਇਹ ਸਾਡੀ ਉਲਝਣ ਤੋਂ ਸਪਸ਼ਟਤਾ ਵੱਲ ਹੌਲੀ-ਹੌਲੀ ਅਗਵਾਈ ਕਰਦੀ ਹੈ, ਸਾਨੂੰ ਸ਼ਾਂਤੀ ਅਤੇ ਸਥਿਰਤਾ ਦਾ ਅਨੁਭਵ ਕਰਨ ਦੇ ਯੋਗ ਬਣਾਉਂਦੀ ਹੈ, ਜੋ ਬਦਲੇ ਵਿਚ ਵਿਸ਼ਵਵਿਆਪੀ ਪਿਆਰ ਨੂੰ ਸਾਡੀ ਕੁਦਰਤੀ ਅਵਸਥਾ ਵਜੋਂ ਜਾਗ੍ਰਿਤ ਕਰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ
**Oneness In Diversity Research Foundation**
ਵੈੱਬਸਾਈਟ: **OnenessInDiversity.com**
ਈਮੇਲ: **onenessindiversityfoundation@gmail.com**